


**ISSN Print:** 2394-7500
**ISSN Online:** 2394-5869
**Impact Factor:** 8.4
IJAR 2017; 3(8): 324-331
www.allresearchjournal.com
Received: 19-06-2017
Accepted: 25-07-2017

**ਠਾਕੁਰ ਸਿੰਘ**
ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਕਾਲਜ ਮੀਰਾਪੁਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਟਿਆਲਾ, ਪੰਜਾਬ

**Corresponding Author:**
**ਠਾਕੁਰ ਸਿੰਘ**
ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਕਾਲਜ ਮੀਰਾਪੁਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਟਿਆਲਾ, ਪੰਜਾਬ

# ਵਿਰਕ ਟੱਪੇ ਦੀ ਕਦਰ ਪ੍ਰਣਾਲੀ - ਇਕ ਵਿਸ਼ਲੇਸ਼ਣ

**ਠਾਕੁਰ ਸਿੰਘ**

**ਆਬਸਟ੍ਰੈਕਟ**
ਵਿਰਕ ਟੱਪਾ ਜੱਟ ਜਾਤੀ ਦੀ ਇਕ ਅਹਿਮ ਉਪ-ਜਾਤੀ ਹੈ। ਇਸ ਉਪ-ਜਾਤੀ ਦੇ ਲੋਕ ਆਪਣੇ ਭਾਈਚਾਰੇ ਲਈ ਟੱਪਾ ਸ਼ਬਦ ਦਾ ਇਸਤੇਮਾਲ ਕਰਦੇ ਹਨ। ਵਿਰਕ ਟੱਪਾ ਉੱਤਰੀ ਭਾਰਤ ਦੇ ਵੱਖ-ਵੱਖ ਖਿੱਤਿਆਂ,ਵਿਸ਼ੇਸ਼ ਕਰਕੇ ਹਰਿਆਣਾ ਰਾਜ ਸਮੇਤ ਅੱਜਕੱਲ੍ਹ ਦੇਸ਼-ਵਿਦੇਸ਼ ਦੇ ਵੱਖ-ਵੱਖ ਹਿੱਸਿਆ ਵਿੱਚ ਵਸਿਆ ਹੋਇਆ ਹੈ। ਆਪਣੀ ਵੱਖਰੀ ਕਦਰ ਕੀਮਤ ਪ੍ਰਣਾਲੀ ਅਤੇ ਸੁਭਾਅ ਦੇ ਕੁਝ ਵਿਸ਼ੇਸ਼ ਲੱਛਣਾਂ ਕਰਕੇ ਵਿਰਕ ਟੱਪੇ ਦੀ ਇੱਕ ਵੱਖਰੀ ਪਛਾਣ ਹੈ।

**ਕੁੰਜੀ ਸ਼ਬਦ:** ਵਿਰਕ ਟੱਪਾ, ਸਮਾਜਿਕ, ਸਭਿਆਚਾਰ, ਸਾਧਲਬਾਰ, ਬਹਾਦਰ, ਲੜਾਕੇ, ਹਥਿਆਰ।

## ਜਾਣ-ਪਛਾਣ

ਕਦਰਾਂ-ਕੀਮਤਾਂ ਦੇ ਅਰਥ ਵੱਖ-ਵੱਖ ਖੇਤਰਾਂ ਵਿਚ ਵੱਖੋ-ਵੱਖਰੇ ਹਨ। ਅਰਥ ਸ਼ਾਸ਼ਤਰ ਵਿਚ ਕੀਮਤ ਤੋਂ ਭਾਵ ਮੁੱਲ ਤੋਂ ਹੈ। ਭਾਸ਼ਾ ਵਿਗਿਆਨ ਵਿਚ ਕਦਰਾਂ ਕੀਮਤਾਂ ਤੋਂ ਭਾਵ ਮਾਪਦੰਡ ਹੈ। ਸਮਾਜ ਸ਼ਾਸ਼ਤਰ ਅਤੇ ਸਭਿਆਚਾਰ ਵਿਚ ਇਨ੍ਹਾਂ ਦੇ ਅਰਥ ਬੜੇ ਵਸੀਹ ਹਨ । " ਸਮਾਜਿਕ ਕਦਰਾਂ-ਕੀਮਤਾਂ ਤੋਂ ਭਾਵ ਉਹ ਸਮਾਜਿਕ ਮੁੱਲ ਹਨ ਜਿਹੜੇ ਸਮਾਜਿਕ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਜਨਸਮੂਹ ਵੱਲੋਂ ਪ੍ਰਵਾਨਗੀ ਪ੍ਰਾਪਤ ਕਰ ਲੈਂਦੇ ਹਨ। " ਸਮਾਜਿਕ ਕਦਰਾਂ-ਕੀਮਤਾਂ ਸਮਾਜਿਕ ਵਿਹਾਰ ਲਈ ਮਾਰਗ ਦਰਸ਼ਕ ਦਾ ਕੰਮ ਕਰਦੀਆਂ ਹਨ। ਕਦਰਾਂ-ਕੀਮਤਾਂ ਨੂੰ ਅੰਗਰੇਜ਼ੀ ਵਿੱਚ ਵੈਲਯੂ (Value) ਕਿਹਾ ਜਾਂਦਾ ਹੈ | ਵੈਲਯੂ ਦਾ ਕੋਸ਼ਗਤ ਅਰਥ ਹੈ-ਗੁਣ, ਮਹੱਤਵ, ਮੁੱਲ, ਕਦਰ ਕਰਨਾ, ਮਹੱਤਵ ਸਮਝਣਾ। ਸਧਾਰਨ ਭਾਸ਼ਾ ਵਿੱਚ ਕਦਰਾਂ-ਕੀਮਤਾਂ ਅਤੇ ਪ੍ਰਤੀਮਾਨਾਂ ਨੂੰ ਰਲਗੱਡ ਕਰ ਦਿੱਤਾ ਜਾਂਦਾ ਹੈ ਪਰ ਇਹ ਵਿਚਾਰ ਦਰੁਸਤ ਨਹੀਂ ਹੈ। ਪ੍ਰਤੀਮਾਨਾਂ ਨੂੰ ਅੰਗਰੇਜ਼ੀ ਵਿਚ ਨਾਰਮ (Norm) ਕਿਹਾ ਜਾਂਦਾ ਹੈ ਜਿਸਦਾ ਕੋਸ਼ਗਤ ਅਰਥ ਹੈ ਕਸਵੱਟੀ, ਮਾਪ, ਨਮੂਨਾ। ਸਮਾਜਿਕ ਕਦਰਾਂ-ਕੀਮਤਾਂ ਉਹ ਸਮਾਜਿਕ ਨਿਯਮ ਹਨ ਜੋ ਕਿਸੇ ਸਮਾਜ ਦੁਆਰਾ ਬਿਹਤਰ ਜੀਵਨ ਜਿਊਣ ਲਈ ਨਿਰਧਾਰਤ ਕੀਤੇ ਜਾਂਦੇ ਹਨ। ਇਹ ਖੇਤਰੀ ਸਮਾਂ। ਦਰ ਕਾਨੂੰਨ ਹੁੰਦਾ ਹੈ। ਸਮਾਜਿਕ ਕਦਰਾਂ-ਕੀਮਤਾਂ ਦੀ ਬਣਤਰ ਸਮਾਜਿਕ ਹਾਲਾਤਾਂ ਉੱਤੇ ਨਿਰਭਰ ਕਰਦੀ ਹੈ | ਇਹ ਵਿਅਕਤੀਗਤ ਵਿਚਾਰ ਨੂੰ ਸਮਾਜਿਕ ਵਿਹਾਰ ਦੇ ਸੰਦਰਭ ਵਿਚ ਨਿਰਧਾਰਤ ਕਰਦੀਆਂ ਹਨ। ਸਮਾਜਿਕ ਕਦਰਾਂ-ਕੀਮਤਾਂ ਉੱਤੇ ਡੱਟ ਕੇ ਪਹਿਰਾ ਦੇਣ ਵਾਲੇ ਮਨੁੱਖ ਨੂੰ ਉਸ ਸਮਾਜ ਵਿਚ

ਮਾਣ-ਸਨਮਾਨ ਮਿਲਦਾ ਹੈ। ਇਸੇ ਤਰ੍ਹਾਂ ਸਮਾਜਿਕ ਕਦਰਾਂ ਕੀਮਤਾਂ ਤੋਂ ਡਿੱਗੇ ਹੋਏ ਬੰਦੇ ਨੂੰ ਭਾਵੇਂ ਸਰੀਰਕ ਸਜ਼ਾ ਜਾਂ ਆਰਥਿਕ ਦੰਡ ਨਾ ਮਿਲੇ ਪਰ ਉਹ ਭਾਵਨਾਤਮਕ ਦੰਡ ਮਹਿਸੂਸ ਕਰਦਾ ਹੈ।

"ਕਿਸੇ ਸਭਿਆਚਾਰ ਨੂੰ ਅਸ਼ੀਆਂ ਕਦਰਾਂ-ਕੀਮਤਾਂ ਦੀ ਸੂਚੀ ਵਜੋਂ ਵੀ ਦੇਖਿਆ ਜਾ ਸਕਦਾ ਹੈ, ਜਿਹੜੀਆਂ ਉਸ ਸਭਿਆਚਾਰ ਵਾਲੇ ਜਨ-ਸਮੂਹ ਦੇ ਜੀਵਨ-ਵਿਹਾਰ ਵਿਚੋਂ ਝਲਕਦੀਆਂ ਹੁੰਦੀਆਂ ਹਨ। ਇਸ ਸੂਚੀ ਵਿਚਲੀਆਂ ਸਾਰੀਆਂ ਕਦਰਾਂ-ਕੀਮਤਾਂ ਦੀ ਇਕੋ ਜਿੰਨੀ ਮਹੱਤਤਾ ਨਹੀਂ ਹੁੰਦੀ। ਸਮਾਂ ਬਦਲਣ ਨਾਲ ਇਹ ਮਹੱਤਤਾ ਵਧਦੀ ਘਟਦੀ ਵੀ ਰਹਿੰਦੀ ਹੈ । ਤਾਂ ਵੀ ਐਸੀਆਂ ਕੁਝ ਕੁ ਕਦਰਾਂ-ਕੀਮਤਾਂ ਨੂੰ ਹਮੇਸ਼ਾਂ ਹੀ ਲੱਭਿਆ ਜਾ ਸਕਦਾ ਹੈ, ਜਿਹੜੀਆਂ ਉਸ ਸਮੂਹ ਵਿਚਲੇ ਵੱਧ ਤੋਂ ਵੱਧ ਜੀਵਾਂ ਵਲੋਂ ਵੱਧ ਤੋਂ ਵੱਧ ਸਮੇਂ ਤੱਕ ਬੇਹੱਦ ਮਹੱਤਵਪੂਰਨ ਸਮਝੀਆਂ ਜਾਂਦੀਆਂ ਹਨ। ਆਮ ਕਰਕੇ ਇਹੋ ਜਿਹੀਆਂ ਕੁਝ ਕੁ ਕਦਰਾਂ-ਕੀਮਤਾਂ ਹੀ ਕਿਸੇ ਸਮਾਜ ਦੇ ਸਮੁੱਚੇ ਚਿਹਰੇ-ਮੁਹਰੇ ਨੂੰ ਵਿਲੱਖਣਤਾ ਦੇਂਦੀਆਂ ਹਨ ਅਤੇ ਵਿਅਕਤੀਗਤ ਆਚਰਨ ਨੂੰ ਘੜਨ ਵਿਚ ਵੀ ਬੁਨਿਆਦੀ ਹਿੱਸਾ ਪਾਉਂਦੀਆਂ ਹਨ।"

ਪੰਜਾਬ ਸਦੀਆਂ ਤੱਕ ਜੰਗਾਂ-ਯੁੱਧਾਂ ਦੀ ਧਰਤੀ ਰਿਹਾ ਹੈ। ਸਿਕੰਦਰ ਤੋਂ ਲੈ ਕੇ ਅਬਦਾਲੀ ਤੱਕ ਅਨੇਕਾਂ ਵਿਦੇਸ਼ੀ ਹਮਲਾਵਰਾਂ ਨੇ ਪੰਜਾਬ ਰਾਹੀਂ ਭਾਰਤ ਵਿਚ ਪ੍ਰਵੇਸ਼ ਕੀਤਾ। ਸਭ ਤੋਂ ਪਹਿਲਾਂ ਪੰਜਾਬੀਆਂ ਨੂੰ ਇਨ੍ਹਾਂ ਹਮਲਾਵਰਾਂ ਨਾਲ ਦੋ-ਹੱਥ ਕਰਨੇ ਪਏ। "ਪੰਜਾਬ ਦੀ ਭੂਗੋਲਿਕ ਸਥਿਤੀ ਦੇ ਕਾਰਨ ਇਸ ਇਲਾਕੇ ਦੇ ਲੋਕਾਂ ਨੂੰ ਪਿਛਲੀਆਂ ਕਈ ਸਦੀਆਂ ਤੱਕ ਵਿਦੇਸ਼ੀ ਹਮਲਿਆਂ ਦੀ ਮਾਰ ਸਹਿਣੀ ਪਈ। ਸ਼ੁਰੂਆਤੀ ਦੌਰ ਵਿੱਚ ਹੀ ਪੰਜਾਬੀ ਤਲਵਾਰਾਂ ਦੇ ਪਰਛਾਵੇਂ ਹੇਠ ਆ ਗਏ, ਜਿਸਨੇ ਉਨ੍ਹਾਂ ਨੂੰ ਚੁਸਤ , ਫੁਰਤੀਲੇ ਅਤੇ ਯੋਧੇ ਬਣਾ ਦਿੱਤਾ। ਪੰਜਾਬੀਆਂ ਨੇ ਹਮੇਸ਼ਾ ਭਾਰਤ ਦੇ ਚੌਕੀਦਾਰਾਂ ਦੇ ਰੂਪ ਵਿੱਚ, ਦੇਸ਼ ਦੀ ਆਜ਼ਾਦੀ ਦੇ ਸਿਪਾਹੀਆਂ ਅਤੇ ਮਾਤਭੂਮੀ ਦੇ ਰਖਵਾਲਿਆਂ ਦੇ ਰੂਪ ਵਿੱਚ ਕੰਮ ਕੀਤਾ ਹੈ। ਹਾਲਾਂਕਿ ਅੱਜ ਵੀ ਉਹ ਭਾਰਤ ਦੇ ਬਿਹਤਰੀਨ ਸਿਪਾਹੀਆਂ ਅਤੇ ਯੋਧਿਆਂ ਦੇ ਰੂਪ ਵਿੱਚ ਜਾਣੇ ਜਾਂਦੇ ਹਨ । "[5] ਅਜਿਹੇ ਹਾਲਾਤਾਂ ਵਿਚ ਉਹ ਕੌਮਾਂ ਅਤੇ ਜਾਤੀਆਂ ਹੀ ਪੰਜਾਬ ਦੀ ਧਰਤੀ 'ਤੇ ਟਿਕ ਸਕੀਆਂ ਜਿਹੜੀਆਂ ਬਹਾਦਰੀ ਨਾਲ ਲੜ ਕੇ ਦੁਸ਼ਮਣ ਦਾ ਮੂੰਹ ਮੋੜਨ ਦੇ ਸਮਰੱਥ ਬਣੀਆਂ। ਇਨ੍ਹਾਂ ਪ੍ਰਸਿਥਤੀਆਂ ਨੇ ਪੰਜਾਬ ਵਿੱਚ ਬਹਾਦਰੀ, ਅਣਖ, ਜ਼ਿਆਦਤੀ ਬਰਦਾਸ਼ਤ ਨਾ ਕਰਨਾ, ਲੋੜਵੰਦ ਦੀ ਮਦਦ ਕਰਨਾ, ਧੋਖਾ ਨਾ ਦੇਣਾ, ਮੁਸੀਬਤ ਵੇਲੇ ਆਪਣਿਆਂ ਦਾ ਡਟ ਕੇ ਸਾਥ ਦੇਣਾ ਵਰਗੇ ਉੱਚ ਨੈਤਿਕ ਗੁਣਾਂ ਵਾਲੇ ਪੰਜਾਬੀ ਸਭਿਆਚਾਰ ਨੂੰ ਉਸਾਰਿਆ।

ਸਦੀਆਂ ਤੱਕ ਵਿਦੇਸ਼ੀ ਹਮਲਾਵਰਾਂ ਦਾ ਮੁਕਾਬਲਾ ਕਰਨ ਵਿੱਚ ਪੰਜਾਬ ਦੀ ਜੱਟ ਜਾਤੀ ਦਾ ਅਹਿਮ ਰੋਲ ਰਿਹਾ ਹੈ। *326* ਈਸਵੀ ਪੂਰਵ ਪੰਜਾਬ ਦੀ ਧਰਤੀ 'ਤੇ ਆਏ ਹਮਲਾਵਰ ਸਿਕੰਦਰ ਨੂੰ ਵੀ ਪੰਜਾਬ ਦੀਆਂ ਧਰਤੀ 'ਤੇ ਆਏ ਯੂਨਾਨੀ ਹਮਲਾਵਰ ਸਿਕੰਦਰ ਨੂੰ ਪੰਜਾਬ ਦੀਆਂ ਕਾਠੀਏ ਤੇ ਮੱਲ੍ਹੀ ਉਪ-ਜਾਤੀਆਂ ਦੇ ਜੱਟਾ ਸਖ਼ਤ ਮੁਕਾਬਲਾ ਦਿੱਤਾ। 'ਜੱਟ ਸਿੰਧ ਤੋਂ ਲੈ ਕੇ ਜਮੁਨਾ ਤੱਕ ਦੇ ਕੁੱਲ ਇਲਾਕੇ ਵਿੱਚ ਫੈਲੇ ਹੋਏ ਹਨ ਅਤੇ ਪੰਜਾਬ ਦੀ ਵਸੋਂ ਦਾ ਲਗਭਗ *40* ਫ਼ੀਸਦੀ ਹਨ। ਜੇਮਜ਼ ਟੋਡ ਦੇ ਅਨੁਸਾਰ ਜੱਟ ਅਸਲ ਵਿੱਚ ਰਾਜਪੂਤਾਂ ਦੇ *36* ਸ਼ਾਹੀ ਘਰਾਣਿਆਂ ਵਿਚੋਂ ਹੀ ਇੱਕ ਦੀ ਔਲਾਦ ਸਨ : ਫਿਰ ਵੀ ਕੁਝ ਲੇਖਕ ਉਨ੍ਹਾਂ ਦਾ ਪਿਛੋਕੜ ਮਹਾਂਭਾਰਤ ਵਿੱਚ ਦਰਸਾਏ ਗਏ ' ਜਾਰਤਿਕਾ' ਕਬੀਲੇ ਨਾਲ ਜੋੜਦੇ ਹਨ। ਇਸ ਵਿੱਚ ਮਾਮੂਲੀ ਜਿਹਾ ਸ਼ੱਕ ਹੈ ਕਿ ਮੱਧਕਾਲ ਦੇ ਸ਼ੁਰੂਆਤੀ ਦੌਰ ਵਿੱਚ ਜੱਟਾਂ ਦਾ ਪੰਜਾਬ ਦੇ ਇੱਕ ਮਹੱਤਵਪੂਰਨ ਉਪ-ਜਾਤੀ ਸਮੂਹ ਦੇ ਰੂਪ ਵਿੱਚ ਉਭਾਰ ਹੋ ਚੁੱਕਾ ਸੀ। ਮੂਲ ਰੂਪ ਵਿੱਚ ਬ੍ਰਾਹਮਣਵਾਦੀ ਹਿੰਦੂ ਧਰਮ ਦੇ ਪੈਰੋਕਾਰ ,ਮੈਦਾਨਾਂ ਦੇ ਪੱਛਮੀ ਭਾਗ ਵਿੱਚ ਵੱਸੇ ਜੱਟਾਂ ਨੇ ਬਾਅਦ ਵਿੱਚ ਜ਼ਿਆਦਾਤਰ ਇਸਲਾਮ ਧਰਮ ਅਪਣਾ ਲਿਆ, ਅਤੇ ਪੰਜਾਬ ਦੇ ਮੱਧ ਵਿੱਚ ਵੱਸਣ ਵਾਲੇ ਸਿੱਖ ਧਰਮ ਦੇ ਪੈਰੋਕਾਰ ਬਣ ਗਏ। ਇਸ ਤਰ੍ਹਾਂ ਹਿੰਦੂ ਜੱਟ ਦੱਖਣ-ਪੂਰਬੀ ਮੈਦਾਨਾਂ ਤੱਕ ਸੀਮਤ ਰਹਿ ਗਏ। ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਜੱਟਾਂ ਦੇ ਚਰਿੱਤਰ ਵਿਚ ਕੁਝ ਸਾਂਝੇ ਗੁਣ ਪਾਏ ਜਾਂਦੇ ਹਨ। ਉਹ, ਮੁੱਖ ਤੌਰ 'ਤੇ ਖੇਤੀਬਾੜੀ ਕਰਨ ਵਾਲੇ ਹਨ। ਉਹ ਬਹਾਦਰ, ਨਿਰਭੈਅ, ਮਿਹਨਤੀ ਅਤੇ ਇਮਾਨਦਾਰ ਹਨ, ਪਰ ਉਨ੍ਹਾਂ ਵਿੱਚ ਸਹਿਣਸ਼ੀਲਤਾ ਦੀ ਘਾਟ ਹੈ ਅਤੇ ਉਨ੍ਹਾਂ ਨੂੰ ਆਸਾਨੀ ਨਾਲ ਉਤੇਜਿਤ ਕੀਤਾ ਜਾ ਸਕਦਾ ਹੈ। ਉਹ ਆਪਣੇ ਆਪ ਨੂੰ ਦੂਜੀਆਂ ਜਾਤੀਆਂ ਨਾਲ ਉੱਤਮ ਸਮਝਦੇ ਹ। ਉਨ੍ਹਾਂ ਵਿਚੋਂ ਬਹੁਤ ਸਾਰੇ ਫੌਜ ਵਿੱਚ ਭਰਤੀ ਹੋਏ ਹਨ ਅਤੇ ਆਪਣੇ ਆਪ ਨੂੰ ਕੁਸ਼ਲ ਸਿਪਾਹੀ ਅਤੇ ਯੋਧੇ ਸਾਬਤ ਕੀਤਾ ਹੈ। "ਜੱਟ ਕਾਸ਼ਤਕਾਰ ਜਾਤੀ ਹੈ। ਭਾਰਤੀ ਸਮਾਜ ਦੀ ਵਰਗ-ਵੰਡ ਭਾਵੇਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਜਾਤੀਆਂ ਵਿੱਚ

ਕੀਤੀ ਗਈ ਹੈ ਜਿਸ ਵਿੱਚ ਬ੍ਰਾਹਮਣ ਦਾ ਸਥਾਨ ਸਭ ਤੋਂ ਉੱਤੇ ਹੈ। ਖੱਤਰੀ ਨੂੰ ਜੰਗ-ਯੁੱਧ ਲੜਨ ਅਤੇ ਰਾਜ ਚਲਾਉਣ ਦੀ ਸਮਾਜਿਕ ਜ਼ਿੰਮੇਵਾਰੀ ਹੋਣ ਕਰਕੇ ਉਸਦਾ ਜਾਤੀਗਤ ਦਰਜਾਬੰਦੀ ਵਿੱਚ ਦੂਜਾ ਸਥਾਨ ਹੈ। ਕਾਸ਼ਤਕਾਰ ਜਾਤੀਆਂ ਦਾ ਦਰਜਾ ਤੀਜੇ ਸਥਾਨ 'ਤੇ ਆਉਂਦਾ ਹੈ। ਪਰ ਪੰਜਾਬ ਵਿੱਚ ਇਹ ਸਥਿਤੀ ਕੁਝ ਵੱਖਰੀ ਹੈ।ਪੰਜਾਬ ਦੀ ਅਰਥ-ਵਿਵਸਥਾ ਦਾ ਆਧਾਰ ਖੇਤੀਬਾੜੀ ਹੈ। ਪੰਜਾਬ ਵਿੱਚ ਖੇਤੀਬਾੜੀ ਦਾ ਕਿੱਤਾ ਕਰਨ ਵਾਲੀ ਮੁੱਖ ਜਾਤੀ ਜੱਟ ਹੈ। ਪੰਜਾਬ ਦੀ ਕਾਸ਼ਤਕਾਰ ਜੱਟ ਜਾਤੀ ਜੰਗ-ਯੁੱਧ ਲੜਨ ਵਿੱਚ ਵੀ ਮੁੱਖ ਰੋਲ ਅਦਾ ਕਰਦੀ ਰਹੀ ਹੈ। ਇਸ ਪ੍ਰਕਾਰ ਆਰਥਿਕਤਾ ਦਾ ਆਧਾਰ ਖੇਤੀ ਦਾ ਕਿੱਤਾ ਕਰਨ ਕਰਕੇ ਅਤੇ ਆਪਣੀ ਜੁਝਾਰੂ ਪ੍ਰਵਿਰਤੀ ਕਰਕੇ ਪੰਜਾਬ ਵਿੱਚ ਜੱਟ ਜਾਤੀ ਸਮਾਜ ਦੀ ਪ੍ਰਤੀਨਿੱਧ ਜਾਤੀ ਵਜੋਂ ਸਥਾਪਿਤ ਹੈ। ਜ਼ਮੀਨ ਪੰਜਾਬੀ ਸੱਭਿਆਚਾਰ ਦਾ ਆਧਾਰ ਹੈ ਅਤੇ ਜੱਟ ਪੰਜਾਬੀ ਸਭਿਆਚਾਰ ਦਾ ਸੂਤਰਧਾਰ ਹੈ। ਜੱਟ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਇੱਕ-ਮਿਕ ਹਨ।

ਵਿਰਕ ਟੱਪਾ ਜੱਟ ਜਾਤੀ ਦੀ ਮਹੱਤਵਪੂਰਨ ਉਪ-ਜਾਤੀ ਹੈ। ਵਿਰਕ ਟੱਪੇ ਦਾ ਅਧਿਐਨ ਕਰਦਿਆਂ ਇਹ ਤੱਥ ਸਾਹਮਣੇ ਆਇਆ ਹੈ ਕਿ ਇਸ ਉਪ ਜਾਤੀ ਦਾ ਪਿਛੋਕੜ ਪੰਜਾਬ ਦੇ ਪਾਕਿਸਤਾਨ ਵਿਚਲੇ ਇਕ ਵਿਸ਼ੇਸ਼ ਖਿੱਤੇ ਸਾਂਦਲਬਾਰ ਨਾਲ ਜੁੜਿਆ ਹੋਇਆ ਹੈ। ਸਾਂਦਲਬਾਰ ਰਾਵੀ ਅਤੇ ਚਨਾਬ ਦਰਿਆਵਾਂ ਵਿਚ ਸਥਿਤ ਰਚਨਾ ਦੁਆਬ ਦੇ ਹੇਠਲੇ ਹਿੱਸੇ (ਦੱਖਣੀ ਭਾਗ) ਨੂੰ ਕਿਹਾ ਜਾਂਦਾ ਹੈ। ਸਾਂਦਲਬਾਰ ਉਹ ਇਲਾਕਾ ਹੈ ਜੋ ਦੇਸ਼ ਦੀ ਵੰਡ ਤੋਂ ਪਹਿਲਾਂ ਸਦੀਆਂ ਤੱਕ ਜੰਗਾਂ-ਯੁੱਧਾਂ ਵਾਲਾ ਖਿੱਤਾ ਰਿਹਾ ਹੈ। ਇਹ ਇਲਾਕਾ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਅਤੇ ਸਥਾਨਕ ਵਾਸੀਆਂ ਦੀ ਆਪਸੀ ਲੜਾਈ ਕਰਕੇ ਕਈ ਵਾਰ ਉਜੜਿਆ ਹੈ। ਪਰ ਸਾਂਦਲਬਾਰ ਦੀ ਜਰਖੇਜ਼ ਧਰਤੀ ਅਤੇ ਮਨੁੱਖੀ ਜੀਵਨ ਲਈ ਬੇਹੱਦ ਅਨੁਕੂਲ ਵਾਤਾਵਰਣ ਹੋਣ ਕਰਕੇ ਇਹ ਇਲਾਕਾ ਮਨੁੱਖਤਾ ਨੂੰ ਵਾਰ-ਵਾਰ ਆਪਣੇ ਵੱਲ ਖਿੱਚਦਾ ਰਿਹਾ ਹੈ ਅਤੇ ਆਬਾਦ ਹੁੰਦਾ ਰਿਹਾ ਹੈ। ਸਾਂਦਲਬਾਰ ਵਿਚ ਉਹ ਕੌਮਾਂ ਵਸਦੀਆਂ ਰਹਿ ਸਕੀਆਂ ਜਿਹੜੀਆਂ ਕੌਮਾਂ ਅੰਦਰ ਨਿਤ ਜੰਗਾਂ ਲੜਨ ਦੀ ਹਿਮਤ ਅਤੇ ਦਲੇਰੀ ਸੀ। ਵਿਰਕ ਟੌਪਾ ਨਾ ਕੇਵਲ ਸਾਂਦਲਬਾਰ ਦੀ ਧਰਤੀ 'ਤੇ ਸਦੀਆਂ ਤੱਕ ਵਸਦਾ ਰਿਹਾ ਸਗੋਂ ਇਸ ਖਿੱਤੇ ਵਿੱਚ ਆਪਣਾ ਖ਼ਾਸ ਪ੍ਰਭਾਵ ਸਥਾਪਿਤ ਕੀਤਾ। ਕਿਉਂਕਿ ਸਾਂਦਲਬਾਰ ਦੇ ਵਸਨੀਕ ਵਿਰਕ ਟੱਪੇ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਸਦੀਆਂ ਤੱਕ ਵਿਦੇਸ਼ੀ ਹਮਲਾਵਰਾਂ, ਸਥਾਨਕ ਹੋਰਨਾਂ ਜਾਤੀਆਂ ਅਤੇ ਚੋਰਾਂ-ਡਾਕੂਆਂ ਨਾਲ ਲੜਨਾ ਪਿਆ ਹੈ, ਇਸ ਕਰਕੇ ਜੁਝਾਰੂਪਣ, ਸਵੈਮਾਣ ਅਤੇ ਗ਼ੈਰਤ ਵਿਰਕ ਟੱਪੇ ਦੀ ਕਦਰ ਪ੍ਰਣਾਲੀ ਵਿਚ ਜੀਵਨ ਦੇ ਅਹਿਮ ਮੁੱਲਾਂ ਵਜੋਂ ਸਥਾਪਿਤ ਹੋਏ।

ਹਰ ਸਭਿਆਚਾਰ ਦੀ ਕੋਈ ਨਾ ਕੋਈ ਬੁਨਿਆਦੀ ਕਦਰ-ਕੀਮਤ ਹੁੰਦੀ ਹੈ। ਬਾਕੀ ਸਾਰੀਆਂ ਕਦਰਾਂ-ਕੀਮਤਾਂ ਇਸ ਬੁਨਿਆਦੀ ਕਦਰਾਂ-ਕੀਮਤਾਂ ਦਾ ਪਸਾਰ ਹੁੰਦੀਆਂ ਹਨ। ਵਿਰਕ-ਟੱਪੇ ਦੀ ਲੋਕਧਾਰਾ ਦੇ ਅਧਿਐਨ ਚੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਵਿਰਕਾਂ ਦਾ ਸਾਰਾ ਕਦਰ-ਕੀਮਤ ਪ੍ਰਬੰਧ ਅਣਖ ਅਤੇ ਗ਼ੈਰਤ ਦੇ ਦੁਆਲੇ ਹੀ ਉਸਰਿਆ ਹੋਇਆ ਹੈ। ਆਪਣੀ ਅਣਖ, ਗ਼ੈਰਤ ਅਤੇ ਸਵੈਮਾਣ ਦੀ ਰਾਖੀ ਲਈ ਕਿਸੇ ਨਾਲ ਲੜਨਾ, ਕਤਲ ਕਰਨਾ, ਵਿਰਕ-ਟੱਪੇ ਵਿਚ ਮਾਣ ਵਾਲਾ ਕੰਮ ਸਮਝਿਆ ਜਾਂਦਾ ਹੈ।

ਦੁਨੀਆਂ ਦੀਆਂ ਜਿਹੜੀਆਂ ਵੀ ਮਾਰਸ਼ਲ ਕੌਮਾਂ ਰਹੀਆਂ ਹਨ, ਉਨ੍ਹਾਂ ਵਿਚ ਮਨੁੱਖ ਦਾ ਮੁੱਖ ਲੱਛਣ ਬਹਾਦਰੀ ਅਤੇ ਯੋਧਾ ਹੋਣਾ ਹੈ। ਵਿਰਕ-ਟੱਪੇ ਵਿੱਚ ਯੋਧੇ ਤੇ ਬਹਾਦਰ ਬੰਦੇ ਨੂੰ ਸਨਮਾਨ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ ਤੇ ਉਸਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਦੇਸ਼ ਦੀ ਵੰਡ ਉਪਰੰਤ ਜ਼ਿਆਦਾਤਰ ਵਿਰਕ ਟੋਪਾ ਹਰਿਆਣਾ ਰਾਜ ਦੇ ਕਰਨਾਲ, ਕੁਰੂਕਸ਼ੇਤਰ ਅਤੇ ਯਮੁਨਾਨਗਰ ਜ਼ਿਲ੍ਹਿਆਂ ਵਿਚ ਵੱਸਿਆ। ਇਸ ਇਲਾਕੇ ਦੇ ਵਿਰਕਾਂ ਨਾਲ ਮੁਲਾਕਾਤਾਂ ਦੌਰਾਨ ਪਤਾ ਲੱਗਾ ਹੈ ਕਿ ਵਿਰਕ ਟੱਪੇ ਵਿਚ ਗ਼ੈਰਤ ਖਾਤਰ ਕਤਲ ਅਤੇ ਫਿਰ ਉਸ ਕਤਲ ਦੇ ਬਦਲੇ ਵਜੋਂ ਦੂਜੀ ਧਿਰ ਵੱਲੋਂ ਕਤਲ ਕੀਤੇ ਜਾਣ ਦੀਆਂ ਘਟਨਾਵਾਂ ਆਮ ਵਾਪਰੀਆਂ ਹਨ। ਲੋਕਾਂ ਸੱਥਾਂ ਵਿੱਚ ਬੈਠ ਕੇ ਬਹਾਦਰੀ ਦਾ ਕਾਰਨਾਮਾ ਕਰਨ ਵਾਲੇ ਦੀ ਵਡਿਆਈ ਕਿਉਂਕਿ ਸਿੱਖ ਧਰਮ ਦਾ ਬਾਨੀ ਗੁਰੂ ਨਾਨਕ ਦੇਵ ਵੀ ਸਾਂਦਲਬਾਰ ਦੀ ਧਰਤੀ ਕਰਦੇ ਹਨ ਅਤੇ ਕੀਤੀ ਗਈ ਵਾਰਦਾਤ ਦੇ ਢੰਗ-ਤਰੀਕਿਆਂ ਦੀ ਪੜਚੋਲ ਹੁੰਦੀ ਹੈ। ਕਰਨਾਲ ਜ਼ਿਲ੍ਹੇ ਦੇ ਪਿੰਡ ਮਰਦਾਨ ਖੇੜਾ ਦੇ ਵਿਰਕ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰਦਿਆਂ ਦੱਸਦੇ ਹਨ, 'ਉਦੋਂ ਪਈ ਜਦੋਂ ਬਰਾਤ ਜਾਂਦੀ ਸੀ ਤਾਂ ਵਿਆਹ ਵਾਲੇ ਘਰ ਬਾਰਾਤ ਨੇ ਮੰਜੇ ਵਿਛਾ ਕੇ ਬਹਿ ਜਾਣਾ ਢੋਲੇ ਗਾਉਣੇ ਤੇ ਗੱਲਾਂ ਕਰਨੀਆਂ ਬਹਾਦਰਾਂ ਦੀਆਂ, ਚੋਰਾਂ ਦੀਆਂ, ਵਡਿਆਈ ਕਰਨੀ ਬਹਾਦਰਾਂ ਦੀ। ਤੇ ਪੈਦਾ ਹੋਇਆ, ਇਸ

ਲਈ ਉਥੇ ਵੱਸਦਾ ਵਿਰਕ ਟੱਪਾ ਵੀ ਵੱਡੀ ਗਿਣਤੀ ਚ ਸਿੱਖ ਧਰਮ ਵੱਲ ਖਿੱਚਿਆ ਗਿਆ। ਸਿੱਖੀ ਦਾ ਮੂਲ ਸਿਧਾਂਤ ਵੀ ਜੁਝਾਰੂ ਪ੍ਰਵਿਰਤੀ ਵਾਲਾ ਹੈ। ਸਿੱਖ ਸਿਧਾਂਤ ਮਨੁੱਖ ਨੂੰ ਉੱਚੇ ਨੈਤਿਕ ਮੁੱਲਾਂ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਪ੍ਰੇਰਦਾ ਹੈ। ਸਿੱਖ ਧਰਮ ਅਪਣਾਉਣ ਨਾਲ ਵਿਰਕ ਟੱਪੇ ਨੂੰ ਸਵੈਮਾਣ ਨਾਲ ਜੀਵਨ ਜਿਊਣ ਦੀ ਜਾਚ ਦੱਸਣ ਵਾਲਾ ਜੀਵਨ ਸਿਧਾਂਤ ਮਿਲ ਗਿਆ। ਗੁਰੂ ਗੋਬਿੰਦ ਸਿੰਘ ਵੱਲੋਂ ਖ਼ਾਲਸੇ ਦੀ ਸਾਜਨਾ ਕਰਨ ਨਾਲ ਸਿੱਖ ਧਰਮ ਵਿੱਚ ਇੱਕ ਜੁਝਾਰੂ ਮਨੁੱਖ ਦਾ ਸੰਕਲਪ ਪੇਸ਼ ਹੁੰਦਾ ਹੈ ਜੋ ਵਿਰਕ ਟੱਪੇ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਅਨੁਕੂਲ ਬੈਠਦਾ ਹੈ। ਖ਼ਾਲਸੇ ਨੂੰ ਆਪਣੀ ਵੱਖਰੀ ਪਛਾਣ ਲਈ, ਆਪਣੇ ਬਚਾਅ ਲਈ ਅਤੇ ਆਪਣੇ ਸਵੈਮਾਣ ਦੀ ਰਾਖੀ ਲਈ ਲੰਮੇ ਸੰਘਰਸ਼ ਵਿਚੋਂ ਗੁਜ਼ਰਨਾ ਪਿਆ। ਖ਼ਾਲਸੇ ਦੀ ਸਾਜਨਾ ਉਪਰੰਤ ਸਿੱਖ ਕੌਮ ਦੇ ਸੰਘਰਸ਼ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ। "ਰਾਤ ਨੂੰ ਜਦੋਂ ਧੂੰਏਂ 'ਤੇ ਬਹਿ ਕੇ ਲੋਕ ਸਿੰਘਾਂ ਦੇ ਧਾੜਿਆਂ ਦੀਆਂ ਗੱਲਾਂ ਕਰਦੇ ਤਾਂ ਗੱਭਰੂਆਂ ਨੂੰ ਉਹ ਚੰਗੀਆਂ ਲਗਦੀਆਂ ਤੇ ਫਿਰ ਕਈ ਜੋਸ਼ੀਲੇ ਗੱਭਰੂ ਘਰ ਦੀ ਘੋੜੀ ਭਜਾ ਕੇ, ਘਰੋਂ ਪੈਸੇ ਚੁਰਾ ਕੋ ਤਲਵਾਰ ਜਾਂ ਬੰਦੂਕ ਖਰੀਦ ਕੇ ਸਿੱਖਾਂ ਦੇ ਜੱਥੇ ਵਿੱਚ ਜਾ ਰਲਦੇ ਤੇ ਅੰਮ੍ਰਿਤ ਛਕ ਕੇ ਸਿੰਘ ਸੋਜ ਜਾਂਦੇ।"[7] ਖ਼ਾਲਸਾ ਪੰਥ ਦਾ ਅੰਗ ਬਣ ਜਾਣ ਉਪਰੰਤ ਵਿਰਕ-ਟੱਪੇ ਦੀ ਬਹਾਦਰੀ ਅਤੇ ਜੁਝਾਰੂ ਬਿਰਤੀ ਨੂੰ ਹੋਰ ਬਲ ਮਿਲਿਆ। ਪੰਜਾਬ ਵਿੱਚ 18 ਵੀਂ ਸਦੀ ਦੌਰਾਨ ਸਥਾਪਤ ਹੋਈਆਂ ਬਾਰਾਂ ਸਿੱਖ ਮਿਸਲਾਂ ਵਿੱਚੋਂ ਇੱਕ ਸਿੰਘਪੁਰੀਆ ਮਿਸਲ ਦੀ ਅਗਵਾਈ ਨਵਾਬ ਕਪੂਰ ਸਿੰਘ ਨੇ ਕੀਤੀ ਜੋ ਵਿਰਕ ਸੀ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦੀ ਰਸੂਲਨਗਰ ਦੀ ਜਿੱਤ ਵਿੱਚ ਵਿਰਕ ਟੱਪੇ ਨੇ ਅਹਿਮ ਭੂਮਿਕਾ ਨਿਭਾਈ। "ਰਸੂਲ ਨਗਰ ਦਾ ਕਿਲ੍ਹਾ ਜਿੱਤਣ ਦਾ ਬੜਾ ਯਤਨ ਕੀਤਾ ਗਿਆ ਪਰ ਗੱਲ ਨਾ ਬਣੀ। ਫਿਰ ਰਣਜੀਤ ਸਿੰਘ ਨੇ ਸਾਂਦਲਬਾਰ ਦੇ ਲੋਕਾਂ ਦੀ ਨਿਡਰਤਾ ਅਤੇ ਸਾਫ਼ ਨੀਯਤ ਵਰਗੇ ਗੁਣਾਂ ਕਰਕੇ ਉਨ੍ਹਾਂ ਦੀ ਸਹਾਇਤਾ ਲਈ ਅਤੇ ਫੌਜ ਵਿੱਚ ਬਹੁਤ ਵੱਧ ਗਿਣਤੀ ਸਾਂਦਲਬਾਰ ਦੇ ਲੋਕਾਂ, ਖਾਸ ਕਰਕੇ ਵਿਰਕਾਂ ਦੀ ਰਸੂਲ ਨਗਰ ਕਿਲ੍ਹੇ ਨੂੰ ਜਿੱਤਣ ਲਈ ਭੇਜੀ ਗਈ ਅਤੇ ਕਿਲ੍ਹਾ ਜਿੱਤਿਆ ਗਿਆ।"[8]

ਪੰਜਾਬ ਵਿੱਚ ਜੱਟ ਜਾਤੀ ਦਾ ਸਮਾਜਿਕ ਦਰਜਾਬੰਦੀ ਵਿੱਚ ਪਹਿਲਾ ਸਥਾਨ ਹੈ ਅਤੇ ਵਿਰਕ ਆਪਣੇ ਆਪ ਨੂੰ ਬਾਕੀ ਜੱਟ ਉਪ-ਜਾਤੀਆਂ ਨਾਲੋਂ ਵੀ ਬਿਹਤਰ ਸਮਝਦੇ ਹਨ। ਸਾਂਦਲਬਾਰ ਨੂੰ ਉਹ ਪੰਜਾਬ ਦਾ ਸਭ ਤੋਂ ਉਪਜਾਊ ਅਤੇ ਖੁਸ਼ਹਾਲ ਇਲਾਕਾ ਮੰਨਦੇ ਹਨ। ਸਾਂਦਲਬਾਰ ਵਿੱਚ ਵਸਦੇ ਰਹਿਣ ਲਈ ਬੜੀ ਜੁਝਾਰੂ, ਬਿਰਤੀ, ਬਹਾਦਰੀ ਅਤੇ ਸਵੈਮਾਣ ਦੀ ਲੋੜ ਸੀ। ਵਿਰਕ ਟੱਪੇ' ਚ ਇਹ ਧਾਰਨਾ ਹੈ ਕਿ ਆਪਣੇ ਜੁਝਾਰਪਣ, ਬਹਾਦਰੀ ਅਤੇ ਅਣਖੀਲੇ ਸੁਭਾਅ ਕਰਕੇ ਹੀ ਉਹ ਸਾਂਦਲਬਾਰ ਵਿਚ ਸਦੀਆਂ ਤੱਕ ਵੱਸਦੇ ਰਹੇ ਹਨ। ਕਿਸੇ ਦੀ ਈਨ ਜਾਂ ਅਧੀਨਗੀ ਮੰਨ ਲੈਣਾ ਵਿਰਕ ਟੱਪੇ ਵਿਚ ਆਪਣੀ ਬਹਾਦਰੀ ਅਤੇ ਸਵੈਮਾਣ ਨੂੰ ਗਵਾ ਲੈਣ ਦੇ ਤੁਲ ਸਮਝਿਆ ਜਾਂਦਾ ਹੈ। ਵਿਰਕਾਂ ਵਿਚ ਇਹ ਦੰਦ ਕਥਾ ਪ੍ਰਚੱਲਿਤ ਹੈ ਕਿ ਖ਼ਾਲਸਾ ਰਾਜ ਦੇ ਦੌਰਾਨ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਵੀ ਅਧੀਨਗੀ ਸਵੀਕਾਰ ਨਹੀਂ ਸੀ ਕੀਤੀ। ਇਥੋਂ ਤੱਕ ਕਿ ਮਹਾਰਾਜੇ ਵੱਲੋਂ ਰਿਸ਼ਤੇਦਾਰੀ ਗੁੰਢਣ ਦਾ ਭੇਜਿਆ ਗਿਆ ਪ੍ਰਸਤਾਵ ਵੀ ਵਿਰਕ ਟੱਪੇ ਨੇ ਠੁਕਰਾ ਦਿੱਤਾ ਸੀ।

ਇਹ ਵਿਰਕਾਂ ਦੀ ਹੀ ਹਿੰਮਤ ਹੈ ਕਿ ਚੌਵਾਂ ਪਾਸਿਆਂ ਤੋਂ ਇਤਨੀਆਂ ਜ਼ਬਰਦਸਤ ਜੰਗਜੂ ਅਤੇ ਮਾਰ ਖੋਰ ਜਾਤਾਂ ਵਿਚ ਘਿਰੇ ਹੋਏ ਹੋਣ ਦੇ ਬਾਵਜੂਦ ਵੀ ਸ਼ਾਨਦਾਰ ਸੁਤੰਤਰ, ਤੇਜਸਵੀ ਅਤੇ ਪ੍ਰਭਾਵਸ਼ਾਲੀ ਜੀਵਨ ਬਤੀਤ ਕਰ ਰਹੇ ਸਨ। ਭੱਟੀ, ਖਰਲ ਅਤੇ ਡੋਗਰ ਇਤਨੇ ਮਾਰ ਖੋਰ ਤੇ ਉਪਦਰਵੀ ਸਨ ਕਿ ਸਮੇਂ ਸਮੇਂ ਵਕਤ ਦੀ ਸਰਕਾਰ ਨੂੰ ਇਹਨਾਂ ਦੇ ਸੁਧਾਰ ਵਾਸਤੇ ਫੌਜਦਾਰੀ ਕਰਨੀ ਪਿਆ ਕਰਦੀ ਸੀ। ਜਿਵੇਂ ਕਿ ਸੰਨ 1715 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਘੇਰਾ ਪਾਉਣ ਦਾ ਹੁਕਮ ਅਬਦੁਲ ਸਮਦ ਖਾਂ ਨੂੰ ਉਦੋਂ ਮਿਲਿਆ ਜਦੋਂ ਉਹ ਭੱਟੀਆਂ, ਖਰਲਾਂ ਅਤੇ ਡੋਗਰਾਂ ਨੂੰ ਦਬਾਣ ਵਾਸਤੇ ਗਿਆ ਹੋਇਆ ਸੀ।

ਵਿਰਕ ਟੱਪੇ ਦੀ ਕਦਰ-ਕੀਮਤ ਪ੍ਰਣਾਲੀ ਵਿੱਚ ਬਦਲਾ ਲੈਣਾ ਇੱਕ ਅਹਿਮ ਮੁੱਲ ਵਜੋਂ ਸਥਾਪਤ ਹੈ। ਬਦਲਾ ਲੈਣ ਦੀਆਂ ਅਨੇਕਾਂ ਘਟਨਾਵਾਂ ਵਿਰਕਾਂ ਦੇ ਮੂੰਹੋਂ ਸੁਣੀਆਂ ਗਈਆਂ ਹਨ ਅਤੇ ਵਿਰਕ ਬਦਲਾ ਲੈਣ ਦੀਆਂ ਘਟਨਾਵਾਂ ਨੂੰ ਬੜੇ ਮਾਣ ਨਾਲ ਸੁਣਾਉਂਦੇ ਹਨ। ਫਿਰ ਮੁਗ਼ਲ ਸਰਕਾਰ ਤੇ ਭੱਟੀ ਤੇ ਖਰਲ ਤੇ ਹੋਰ ਲੂਲੀ ਭਠਿਆਰੀ ਵਿਰਕਾਂ ਦੇ ਮਗਰ ਪੈ ਗਈ। ਪਰ ਇਨ੍ਹਾਂ ਬਹਾਦਰਾਂ ਦਾ ਕੁਝ ਖੋਹਣ ਨਾ ਖੋਹ ਸਕੇ। ਖਾਸ ਕਰਕੇ ਸਿੱਖ ਮਿਸਲਾਂ ਦੇ ਵੇਲੇ ਤਾਂ ਅਗਰ ਭੱਟੀ ਵਿਰਕਾਂ ਦਾ ਇੱਕ ਬੰਦਾ ਮਾਰਦੇ ਤਾਂ ਵਿਰਕ ਪੂਰੇ ਵੀਹ ਭੱਟੀ ਉਹਦੇ ਬਦਲੇ ਕਤਲ

ਕਰਦੇ, ਜੇ ਉਹ ਵਿਰਕਾਂ ਦਾ ਇੱਕ ਡੰਗਰ ਲੈ ਜਾਂਦੇ ਤੇ ਵਿਰਕ ਉਨ੍ਹਾਂ ਦਾ ਪੂਰਾ ਮਾਲ ਮਾਰ ਲਿਆਉਂਦੇ। ਵਿਰਕਾਂ ਨੂੰ ਮੁਕਾਬਲੇ ਵਿੱਚ ਆ ਕੇ ਰੋਹ ਚੜ੍ਹਦਾ ਹੈ।"[10]

ਦੁਸ਼ਮਣ ਦੇ ਹਮਲੇ ਦਾ ਮੋੜਵਾਂ ਜਵਾਬ ਦੇਣ ਲਈ ਬਦਲਾ ਲੈਣਾ ਅਣਖ ਅਤੇ ਬਹਾਦਰੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਬਦਲਾ ਆਪਣੇ ਨਾਲ ਹੋਈ ਕਿਸੇ ਵਧੀਕੀ ਦੇ ਪ੍ਰਤੀਕਰਮ ਵਜੋਂ ਲਿਆ ਜਾਂਦਾ ਹੈ। ਵਿਰਕ ਟੱਪੇ ਵਿੱਚ ਇਹ ਧਾਰਨਾ ਪ੍ਰਚਲਿਤ ਹੈ ਕਿ ਜਿਹੜਾ ਵਿਅਕਤੀ ਆਪਣੇ ਨਾਲ ਹੋਈ ਵਧੀਕੀ ਦਾ ਬਦਲਾ ਨਹੀਂ ਲੈ ਸਕਦਾ, ਉਹ ਆਪਣਾ ਸਵੈਮਾਣ ਗਵਾ ਲੈਂਦਾ ਹੈ ਅਤੇ ਉਸ ਦੀ ਗ਼ੈਰਤ ਮਰੀ ਹੋਈ ਸਮਝੀ ਜਾਂਦੀ ਹੈ। ਅਜਿਹੇ ਵਿਅਕਤੀ ਨੂੰ ਵਿਰਕ ਟੱਪੇ ਵਿਚ ਤਵੱਜੋਂ ਨਹੀਂ ਦਿੱਤੀ ਜਾਂਦੀ। ਬਦਲਾ ਲੈ ਕੇ ਦੁਸ਼ਮਣ ਨੂੰ ਇਹ ਸੰਕੇਤ ਦਿੱਤਾ ਜਾਂਦਾ ਹੈ ਕਿ ਜੇਕਰ ਦੁਬਾਰਾ ਕੋਈ ਵਧੀਕੀ ਕੀਤੀ ਤਾਂ ਫਿਰ ਖ਼ਤਰਨਾਕ ਮੋੜਵਾਂ ਜਵਾਬ ਮਿਲ ਸਕਦਾ ਹੈ। ਲਗਾਤਾਰ ਬਾਹਰੀ ਅਤੇ ਅੰਦਰੂਨੀ ਦੁਸ਼ਮਣਾਂ ਦਾ ਟਾਕਰਾ ਕਰਦਿਆਂ ਵਿਰਕ ਲਈ ਸਾਂਦਲਬਾਰ ਵਿਚ ਵੱਸਦੇ ਰਹਿਣ ਅਤੇ ਆਪਣਾ ਵਜੂਦ ਕਾਇਮ ਰੱਖਣ ਲਈ ਮੋੜਵਾਂ ਜਵਾਬ ਦੇਣ ਅਤੇ ਬਦਲਾ ਲੈਣ ਦੀ ਪਿਰਤ ਨੂੰ ਜੀਵਨ ਦੇ ਜ਼ਰੂਰੀ ਮੁੱਲ ਵਜੋਂ ਅਪਣਾਉਣਾ ਵਿਰਕ ਟੱਪੇ ਦੀ ਜ਼ਰੂਰਤ ਬਣ ਗਿਆ।

ਹਥਿਆਰ-ਸਾਂਦਲਬਾਰ ਦੀ ਧਰਤੀ 'ਤੇ ਆਪਣੇ ਵਜੂਦ ਨੂੰ ਕਾਇਮ ਰੱਖਣ ਅਤੇ ਸਵੈਮਾਣ ਨਾਲ ਜਿਊਣ ਲਈ ਵਿਰਕ ਟੱਪੇ ਨੂੰ ਆਪਣੇ ਆਪ ਨੂੰ ਇੱਕ ਬਹਾਦਰ ਅਤੇ ਜੰਗਜੂ ਕੌਮ ਦੇ ਰੂਪ ਵਿੱਚ ਸਥਾਪਤ ਕਰਨਾ ਪਿਆ। ਦੁਨੀਆਂ ਦੀਆਂ ਸਾਰੀਆਂ ਜੰਗਜੂ ਕੌਮਾਂ ਹਥਿਆਰ ਰੱਖਣ ਦੀਆਂ ਸ਼ੌਕੀਨ ਰਹੀਆਂ ਹਨ। ਅੱਜ ਵੀ ਦੁਨੀਆਂ ਭਰ ਵਿੱਚ ਅਮਰੀਕਾ, ਚੀਨ ਤੇ ਇਜ਼ਰਾਇਲ ਵਰਗੇ ਉਨ੍ਹਾਂ ਮੁਲਕਾਂ ਦਾ ਹੀ ਦਬਦਬਾ ਕਾਇਮ ਹੈ ਜਿਨ੍ਹਾਂ ਕੋਲ ਹਥਿਆਰਾਂ ਦੇ ਵੱਡੇ ਜ਼ਖੀਰੇ ਹਨ। ਹਥਿਆਰ ਜੰਗ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਇਸ ਲਈ ਕਾਰਗਰ ਅਤੇ ਵਧੀਆ ਹਥਿਆਰ ਜੰਗਜੂ ਕੌਮਾਂ ਦੇ ਜੁਝਾਰੂਆਂ ਲਈ ਮਾਣ ਸਨਮਾਨ ਦਾ ਪ੍ਰਤੀਕ ਬਣਦਾ ਹੈ। ਆਪਣੇ ਆਪ ਨੂੰ ਜੰਗਜੂ ਕੌਮ ਵਜੋਂ ਸਥਾਪਤ ਕਰਨ ਲਈ ਵਿਰਕ ਟੱਪੇ ਲਈ ਹਥਿਆਰ ਸਭ ਤੋਂ ਵੱਡੀ ਪਦਾਰਥਕ ਲੋੜ ਬਣ ਗਈ। ਹਥਿਆਰ ਰੱਖਣ ਵਾਲੇ ਵਿਅਕਤੀ ਨੂੰ ਵਿਰਕ-ਟੱਪੇ ਵਿੱਚ ਇੱਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ ਤੇ ਹਥਿਆਰਬੰਦ ਵਿਅਕਤੀ ਨੂੰ ਸਵੈਮਾਣ ਵਾਲਾ ਸਮਝਿਆ ਜਾਂਦਾ ਹੈ। ਵਿਰਕਾਂ ਦੇ ਬਜ਼ੁਰਗ ਅੱਜ ਵੀ ਡਾਂਗ, ਸੋਟਾ ਜਾਂ ਬੰਦੂਕ ਚੌਥ ਵਿੱਚ ਰੱਖਦੇ ਹਨ। ਸਾਂਦਲਬਾਰ ਦੇ ਲੋਕ ਨਾਇਕ ਦੁੱਲੇ ਭੱਟੀ ਬਾਰੇ ਵੀ ਇਹ ਤੱਥ ਹੈ ਕਿ ਉਹ ਹਮੇਸ਼ਾ ਤਲਵਾਰ ਅਤੇ ਤੀਰ ਕਮਾਨ ਧਾਰਨ ਕਰਕੇ ਰੱਖਦਾ ਸੀ। ਸਾਂਦਲਬਾਰ ਦੇ ਵਸਨੀਕਾਂ ਨੂੰ ਨਿੱਤ ਨਵੇਂ ਦੁਸ਼ਮਣ ਦਾ ਮੁਕਾਬਲਾ ਕਰਨਾ ਪੈਂਦਾ ਸੀ। ਇਸ ਲਈ ਹਥਿਆਰਬੰਦ ਵਿਅਕਤੀ ਨੂੰ ਦੁਸ਼ਮਣ ਦਾ ਟਾਕਰਾ ਕਰਨ ਦੇ ਵਧੇਰੇ ਸਮਰੱਥ ਸਮਝਿਆ ਜਾਂਦਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਹਥਿਆਰਬੰਦ ਵਿਅਕਤੀ ਤੋਂ ਦੁਸ਼ਮਣ ਭੈਭੀਤ ਹੋ ਜਾਂਦਾ ਹੈ ਅਤੇ ਜਲਦੀ ਹਮਲਾ ਕਰਨ ਦੀ ਹਿੰਮਤ ਨਹੀਂ ਕਰਦਾ। ਵਿਰਕਾਂ ਵਿੱਚ ਅੱਜ ਵੀ ਲਾਇੰਸਸੀ ਬੰਦੂਕ, ਪਿਸਤੌਲ ਤੇ ਹੋਰ ਹਥਿਆਰ ਰੱਖਣ ਦਾ ਸ਼ੌਕ ਹੈ, ਪਹਿਲਾਂ ਵਿਰਕ ਆਪਣੇ ਹਥਿਆਰ ਨੂੰ ਕੱਪੜਿਆਂ ਦੇ ਉਪਰੋਂ ਦੀ ਪਹਿਨਦੇ ਸਨ ਪਰ ਹੁਣ ਲਿਬਾਸ ਦੇ ਹੇਠੋਂ ਦੀ ਹਥਿਆਰ ਪਹਿਨੇ ਜਾਂਦੇ ਹਨ ਕਿਉਂਕਿ ਹੁਣ ਆਮ ਸਮਾਜ ਵਿੱਚ ਹਥਿਆਰ ਰੱਖਣ ਦੀ ਬਹੁਤੀ ਜ਼ਰੂਰਤ ਨਹੀਂ ਰਹੀ ਅਤੇ ਹਥਿਆਰ ਧਾਰਨ ਕਰਨਾ ਸਮਾਜ ਵਿਚ ਜ਼ਿਆਦਾ ਚੰਗਾ ਵੀ ਨਹੀਂ ਸਮਝਿਆ ਜਾਂਦਾ।

ਵਿਰਕ ਟੱਪੇ ਵਿੱਚ ਔਰਤ ਨੂੰ ਘਰ ਦੀ ਇੱਜ਼ਤ ਅਤੇ ਅਣਖ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਪਰਿਵਾਰਾਂ ਨੂੰ ਅੰਗ ਤੋਰਨ ਲਈ ਔਰਤ ਦੇ ਵਟਾਂਦਰੇ ਵਾਸਤੇ ਸਮਾਜ ਵਿੱਚ ਵਿਆਹ ਦੀ ਰਸਮ ਸਥਾਪਤ ਹੈ। ਵਿਰਕ ਟੱਪਾ ਪਰਿਵਾਰ ਦੀ ਸਹਿਮਤੀ ਨਾਲ ਵਿਆਹ ਦੀ ਰਸਮ ਰਾਹੀਂ ਤਾਂ ਔਰਤ ਦੇ ਵਟਾਂਦਰੇ ਨੂੰ ਪ੍ਰਵਾਨਗੀ ਦਿੰਦਾ ਹੈ ਪਰ ਜ਼ੋਰ ਜ਼ਬਰਦਸਤੀ ਨਾਲ ਔਰਤ ਨੂੰ ਘਰੋਂ ਚੁੱਕ ਲਿਜਾਣਾ ਜਾਂ ਜੇਕਰ ਕੋਈ ਔਰਤ ਆਪਣੀ ਮਰਜ਼ੀ ਨਾਲ ਕਿਸੇ ਵਿਅਕਤੀ ਨਾਲ ਵਿਆਹ ਕਰਵਾ ਲਵੇ ਤਾਂ ਇਸਨੂੰ ਪਰਿਵਾਰ ਦੀ ਅਣਖ ਉੱਤੇ ਸਭ ਤੋਂ ਵੱਡਾ ਹਮਲਾ ਸਮਝਿਆ ਜਾਂਦਾ ਹੈ। ਅਜਿਹੇ ਹਾਲਾਤਾਂ ਵਿੱਚ ਨੌਬਤ ਕਤਲਾਂ ਤੱਕ ਪਹੁੰਚ ਜਾਂਦੀ ਹੈ। ਔਰਤ ਅਣਖ ਦੇ ਪ੍ਰਤੀਕ ਵਜੋਂ ਸਾਂਦਲਬਾਰ ਦੇ ਰਾਜਨੀਤਕ ਅਤੇ ਸਮਾਜਿਕ ਹਾਲਾਤਾਂ ਕਰਕੇ ਸਥਾਪਤ ਹੁੰਦੀ ਹੈ। ਸਦੀਆਂ ਤੱਕ ਵਿਦੇਸ਼ੀ ਹਮਲਾਵਰਾਂ ਦੀ ਸਾਂਦਲਬਾਰ ਦੀ ਧਰਤੀ 'ਤੇ ਆਮਦ ਨਾਲ ਔਰਤਾਂ ਨੂੰ ਵੀ ਜ਼ੁਲਮ ਅਤੇ ਜਬਰ ਦਾ ਸ਼ਿਕਾਰ ਹੋਣਾ ਪੈਂਦਾ ਰਿਹਾ ਹੈ। "ਮਨੂੰ ਦੇ ਗਸ਼ਤੀ ਦਸਤਿਆਂ ਤੇ ਸਿੱਖ ਦਲਾਂ ਵਿੱਚ ਕਈ ਥਾਵਾਂ 'ਤੇ ਝੜਪਾਂ ਹੋਈਆਂ। ਮਨੂੰ ਆਪਣੇ ਹਰਜਾਈ ਵੈਰੀ ਦਾ ਕੁਝ ਨਾ ਵਿਗਾੜ ਸਕਿਆ ਕਿਉਂਕਿ

ਕਿਸਾਨਾਂ ਨੂੰ ਵੀ ਉਨ੍ਹਾਂ ਨਾਲ ਹਮਦਰਦੀ ਸੀ। ਉਸ ਦੇ ਨੇਜ਼ਾਬਾਜ਼ ਪਿੰਡਾਂ ਵਿੱਚ ਸਿੱਖਾਂ ਦੀ ਭਾਲ ਕਰਦੇ ਰਹੇ। ਰਿਸ਼ਟ-ਪੁਸ਼ਟ ਲੜਦੇ ਮਾਰੇ ਗਏ। ਗ਼ੈਰ-ਲੜਾਕਿਆਂ ਨੂੰ ਸਮੇਤ ਇਸਤਰੀਆਂ ਨੂੰ ਗ੍ਰਿਫ਼ਤਾਰ ਕਰਕੇ ਹੱਥਕੜੀਆਂ ਲਾ ਕੇ ਲਾਹੌਰ ਲਿਜਾਇਆ ਗਿਆ ਤੇ ਨਖਾਸ (ਘੋੜਾ ਮੰਡੀ) ਵਿੱਚ ਜਾਨੋਂ ਮਾਰ ਦਿੱਤਾ ਗਿਆ।"[11] ਸਾਂਦਲਬਾਰ ਦੀ ਧਰਤੀ ’ਤੇ ਔਰਤਾਂ ਨਾਲ ਹੋਏ ਜ਼ਬਰ-ਜ਼ੁਲਮ ਦੇ ਇਤਿਹਾਸ ਵਿੱਚ ਹੋਰ ਵੀ ਅਨੇਕਾਂ ਵੇਰਵੇ ਮੌਜੂਦ ਹਨ।

ਔਰਤ ਪਰਿਵਾਰ ਦਾ ਅਹਿਮ ਅੰਗ ਹੈ। ਪਰ ਉਹ ਸਰੀਰਕ ਤੌਰ ’ਤੇ ਮਰਦ ਦੇ ਮੁਕਾਬਲੇ ਕਮਜ਼ੋਰ ਹੈ। ਇਸ ਲਈ ਔਰਤ ਮਰਦ ਵਾਂਗ ਦੁਸ਼ਮਣ ਦਾ ਲੜ ਕੇ ਮੁਕਾਬਲਾ ਨਹੀਂ ਸੀ ਕਰ ਸਕਦੀ। ਸੋ ਔਰਤ ਦੀ ਹਿਫ਼ਾਜ਼ਤ ਦੀ ਜ਼ਿੰਮੇਵਾਰੀ ਪਰਿਵਾਰ ਅਤੇ ਕੁਨਬੇ ਦੇ ਮਰਦ ਮੈਂਬਰਾਂ ਦੇ ਜ਼ਿੰਮੇ ਆਈ। ਜਿਹੜਾ ਪਰਿਵਾਰ ਜਾਂ ਕੁਨਬਾ ਆਪਣੀਆਂ ਔਰਤਾਂ ਦੀ ਹਿਫ਼ਾਜ਼ਤ ਵਧੇਰੇ ਤਾਕਤ ਨਾਲ ਕਰ ਸਕਦਾ ਸੀ, ਉਸਦੇ ਸਮਾਜਿਕ ਮਾਣ-ਸਨਮਾਨ ਵਿੱਚ ਵਾਧਾ ਹੁੰਦਾ ਸੀ। 1947 ਦੀ ਦੇਸ਼ ਵੰਡ ਵੇ ਅਣਖ ਅਤੇ ਗ਼ੈਰਤ ਕਰਕੇ ਹੀ ਵਿਰਕਾਂ ਨੇ ਆਪਣੀਆਂ ਸੈਂਕੜੇ ਔਰਤਾਂ ਨੂੰ ਆਪਣੇ ਹੱਥੀਂ ਕਤਲ ਕਰ ਦਿੱਤਾ। "ਜਿਉਂਦਿਆ ਜਾਨਾਂ ਲੜਕੀਆਂ, ਔਰਤਾਂ, ਮਾਵਾਂ, ਧੀਆਂ, ਭੈਣਾਂ ਨੂੰ ਆਪਣੀ ਹੱਥੀਂ ਕਈਆਂ ਨੇ ਵੱਢ-ਵੱਖ ਕੇ ਖੂਹਾਂ ਵਿੱਚ ਸੁੱਟ ਦਿੱਤਾ ਤਾ ਕਿ ਸਾਡੀ ਇੱਜ਼ਤ ਮੁਸਲਮਾਨਾਂ ਦੇ ਹੱਥ ਆ ਕੇ ਬੇਪਤੀ ਨਾ ਹੋਵੇ।"[2] ਇਸ ਪ੍ਰਕਾਰ ਔਰਤ ਵਿਰਕ-ਟੱਪੇ ਵਿੱਚ ਅਣਖ ਅਤੇ ਗ਼ੈਰਤ ਦੇ ਪ੍ਰਤੀਕ ਵਜੋਂ ਸਥਾਪਤ ਹੁੰਦੀ ਹੈ। ਔਰਤ ਦਾ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣਾ ਵਿਰਕ-ਟੱਪੇ ਵਿੱਚ ਇਸ ਲਈ ਪ੍ਰਵਾਨ ਨਹੀਂ ਹੈ ਕਿਉਂਕਿ ਵਿਰਕ ਸਮਝਦੇ ਹਨ ਕਿ ਇਸ ਨਾਲ ਸਮਾਜ ਵਿੱਚ ਇਹ ਸੰਕੇਤ ਜਾਂਦਾ ਹੈ ਕਿ ਸਬੰਧਤ ਪਰਿਵਾਰ ਦੇ ਮਰਦ ਆਪਣੀਆਂ ਔਰਤਾਂ ਨੂੰ ਖੁਸ਼ਹਾਲ ਜੀਵਨ ਦੇਣ ਅਤੇ ਸਮਾਜਿਕ ਰਸਮਾਂ ਅਨੁਸਾਰ ਉਨ੍ਹਾਂ ਦਾ ਵਿਆਹ ਕਰਨ ਦੇ ਫਰਜ਼ ਨਿਭਾਉਣ ਦੇ ਸਮਰੱਥ ਨਹੀਂ ਹਨ।

ਜ਼ਮੀਨ ਜੀਵਨ ਦਾ ਆਧਾਰ ਹੈ। ਘਰ ਬਣਾਉਣ ਲਈ, ਖੇਤੀ ਕਰਨ ਲਈ ਅਤੇ ਹਰ ਤਰ੍ਹਾਂ ਦੇ ਸਮਾਜਿਕ ਕਾਰ ਵਿਹਾਰ ਲਈ ਜ਼ਮੀਨ ਦੀ ਜ਼ਰੂਰਤ ਹੁੰਦੀ ਹੈ। ਦੁਨੀਆਂ ਭਰ ਦੀਆਂ ਬਹਾਦਰ ਕੌਮਾਂ ਸਦੀਆਂ ਤੱਕ ਵੱਧ ਤੋਂ ਵੱਧ ਜ਼ਮੀਨ ਹਾਸਿਲ ਕਰਨ ਲਈ ਸੰਘਰਸ਼ ਕਰਦੀਆਂ ਰਹੀਆਂ ਹਨ। ਵਿਰਕ ਟੱਪੇ ਵਿੱਚ ਜ਼ਮੀਨ ਨੂੰ ਪਰਿਵਾਰ ਦੀ ਸ਼ਾਨ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਕਿਸੇ ਪਰਿਵਾਰ ਦਾ ਸਮਾਜਿਕ ਰੁਤਬਾ ਉਸ ਪਰਿਵਾਰ ਕੋਲ ਜ਼ਮੀਨ ਦੀ ਮਾਲਕੀ ਦੇ ਹਿਸਾਬ ਨਾਲ ਤੈਅ ਹੁੰਦਾ ਹੈ। ਧੀ ਦਾ ਰਿਸ਼ਤਾ ਕਰਨ ਲੱਗਿਆਂ ਵੀ ਵਿਰਕ ਟੱਪੇ ਦੇ ਲੋਕ ਇਹ ਘੋਖ ਕਰਦੇ ਹਨ ਕਿ ਜਿਸ ਮੁੰਡੇ ਨਾਲ ਧੀ ਦਾ ਰਿਸ਼ਤਾ ਜੋੜਨਾ ਹੈ, ਉਸ ਨੂੰ ਜ਼ਮੀਨ ਦੀ ਮਾਲਕੀ ਕਿੰਨੀ ਆਉਂਦੀ ਹੈ। ਵਿਆਹ ਉੱਤੇ ਖ਼ਰਚ ਵੀ ਮੁੰਡੇ ਕੋਲ ਜਿੰਨੀ ਜ਼ਮੀਨ ਦੀ ਮਾਲਕੀ ਹੈ, ਉਸੇ ਹਿਸਾਬ ਨਾਲ ਹੀ ਕੀਤਾ ਜਾਂਦਾ ਹੈ।

ਸਾਂਦਲਬਾਰ ਵਿੱਚ ਵਿਰਕ ਟੱਪੇ ਕੋਲ ਵੱਡੀਆਂ ਜ਼ਮੀਨਾਂ ਜਾਇਦਾਦਾਂ ਦੀ ਮਾਲਕੀ ਸੀ ਅਤੇ ਇਹ ਉਪ-ਜਾਤੀ ਆਰਥਿਕ ਪੱਖੋਂ ਕਾਫ਼ੀ ਚੰਗੀ ਹਾਲਤ ਵਿੱਚ ਸੀ। ਸਾਂਦਲਬਾਰ ਵਿੱਚ ਅੰਗਰੇਜ਼ਾਂ ਦੇ ਰਾਜ ਤੋਂ ਪਹਿਲਾਂ ਦੇ ਇਤਿਹਾਸਕ ਵੇਰਵੇ ਸਪਸ਼ਟ ਕਰਦੇ ਹਨ ਕਿ ਉੱਥੇ ਉਹੀ ਵਿਅਕਤੀ ਜ਼ਮੀਨ ਜਾਇਦਾਦ ਦਾ ਮਾਲਕ ਬਣ ਸਕਦਾ ਸੀ ਜੋ ਲੜਨ ਵਿੱਚ ਬਾਕੀਆਂ ਨਾਲੋਂ ਤੱਕੜਾ ਹੁੰਦਾ ਸੀ। ਇਸ ਲਈ ਜ਼ਮੀਨ ਦੀ ਮਾਲਕੀ ਨੂੰ ਕਿਸੇ ਜਾਤੀ ਦੇ ਸਮਾਜ ਵਿੱਚ ਦਬਦਬੇ ਦੇ ਪ੍ਰਤੀਕ ਵਜੋਂ ਵੇਖਿਆ ਜਾਣ ਲੱਗਾ। ਵਿਰਕ ਟੱਪੇ ਕੋਲ ਵੱਡੀਆਂ ਜ਼ਮੀਨਾਂ ਦੀ ਮਾਲਕੀ ਉਸਦੇ ਸਮਾਜਿਕ ਰੁਤਬੇ ਦਾ ਆਧਾਰ ਬਣੀ ਅਤੇ ਹੁਣ ਤੱਕ ਸ਼ਾਨ ਦੇ ਪ੍ਰਤੀਕ ਵਜੋਂ ਸਥਾਪਤ ਹੈ।

ਵਿਰਕ ਟੱਪੇ ਵਿੱਚ ਮਾਸ ਖਾਣਾ ਆਮ ਖੁਰਾਕ ਦਾ ਹਿੱਸਾ ਹੈ। ਵਿਰਕ ਟੱਪੇ ਵਿਚ ਸ਼ਰਾਬ ਪੀਣ ਨੂੰ ਸਮਾਜਿਕ ਬੁਰਾਈ ਵਜੋਂ ਨਹੀਂ ਲਿਆ ਜਾਂਦਾ ਸਗੋਂ ਇਸਨੂੰ ਸ਼ਾਨ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਹਾਲਾਂਕਿ ਸਿੱਖ ਧਰਮ ਨਾਲ ਸਬੰਧਤ ਹੋਣ ਕਰਕੇ ਵਿਰਕ ਟੱਪੇ ਵਿੱਚ ਤੰਬਾਕੂ ਦਾ ਸੇਵਨ ਕਰਨਾ ਬੁਰਾ ਸਮਝਿਆ ਜਾਂਦਾ ਹੈ। ਜੇਕਰ ਮਹਿਮਾਨ ਨਿਵਾਜ਼ੀ ਵਿੱਚ ਸ਼ਰਾਬ ਅਤੇ ਮਾਸ ਪਰੋਸਿਆ ਜਾਵੇ ਤਾਂ ਵਿਰਕ-ਟੱਪੇ ਵਿੱਚ ਇਸਨੂੰ ਸਨਮਾਨ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਮਾਸ ਖਾਣ ਨਾਲ ਮਨੁੱਖ ਦੇ ਸਰੀਰਕ ਬਲ ਵਿੱਚ ਵਾਧਾ ਹੁੰਦਾ ਹੈ। ਦੁਸ਼ਮਣ ਨਾਲ ਲੜਨ ਵਾਸਤੇ ਤਕੜੇ ਸਰੀਰਕ ਬਲ ਦੀ ਲੋੜ ਹੁੰਦੀ ਹੈ। ਇਸ ਲਈ ਸਰੀਰਕ ਤੌਰ ’ਤੇ ਬਲਵਾਨ ਬਣਨ ਵਾਸਤੇ ਵਿਰਕ-ਟੱਪੇ ਨੇ ਮਾਸ ਖਾਣਾ ਅਪਣਾਇਆ। ਸਾਂਦਲਬਾਰ ਕਿਉਂਕਿ ਜੰਗਲ ਦਾ ਇਲਾਕਾ ਸੀ ਜਿੱਥੇ ਵੱਡੀ ਗਿਣਤੀ ਵਿੱਚ ਜੰਗਲੀ ਜਾਨਵਰ ਰਹਿੰਦੇ ਸਨ, ਇਸ ਲਈ ਇਨ੍ਹਾਂ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ ਅਤੇ ਮਾਸ ਖਾਣਾ ਵਿਰਕ ਟੱਪੇ ਲਈ ਆਸਾਨ ਸੀ।

ਫੁਰਤੀਲੇ ਜਾਨਵਰ ਸ਼ਿਕਾਰ ਕਰਨ ਲਈ ਸਰੀਰਕ ਬਲ, ਫੁਰਤੀ ਅਤੇ ਦਲੇਰੀ ਦੀ ਲੋੜ ਹੁੰਦੀ ਹੈ। ਹੌਲੀ-ਹੌਲੀ ਇਹ ਰਵਾਇਤ ਵਿਰਕ ਟੱਪੇ ਵਿੱਚ ਦਲੇਰੀ ਅਤੇ ਸ਼ਾਨ ਦੇ ਸਮਾਜਿਕ ਮੁੱਲ ਦੇ ਰੂਪ ਵਿੱਚ ਸਥਾਪਤ ਹੋਈ। ਅੱਜ ਵੀ ਮਹਿਮਾਨ ਨਿਵਾਜ਼ੀ ਲਈ ਵਿਰਕ ਟੱਪੇ ਵਿੱਚ ਮੁਰਗੇ, ਬੱਕਰੇ ਅਤੇ ਮੱਛੀ ਦਾ ਮਾਸ ਅਤੇ ਸ਼ਰਾਬ ਪਰੋਸਣਾ ਸਨਮਾਨਜਨਕ ਸਮਝਿਆ ਜਾਂਦਾ ਹੈ। ਵਿਰਕ ਟੱਪੇ ਦੀਆਂ ਔਰਤਾਂ ਲਈ ਵੀ ਮਾਸ ਖਾਣ ਦੀ ਮਨਾਹੀ ਨਹੀਂ ਹੋ ਪਰ ਸ਼ਰਾਬ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੇ ਸੇਵਨ ਦੀ ਸਖ਼ਤ ਮਨਾਹੀ ਹੈ। ਜੇਕਰ ਕੋਈ ਔਰਤ ਨਸ਼ਾ ਕਰਦੀ ਹੈ ਉਸ ਨੂੰ ਤ੍ਰਿਸਕਾਰ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ। ਕੁਝ ਵਿਰਕ ਪਰਿਵਾਰ ਸਿੱਖ ਧਰਮ ਦੇ ਪ੍ਰਭਾਵ ਕਾਰਨ ਮਾਸ ਅਤੇ ਸ਼ਰਾਬ ਤੋਂ ਪ੍ਰਹੇਜ਼ ਵੀ ਕਰਨ ਲੱਗ ਪਏ ਹਨ।

ਵਿਰਕ ਭਾਈਚਾਰੇ ਦੇ ਸਭਿਆਚਾਰ ਦੇ ਉਪਰੋਕਤ ਪਛਾਣ ਚਿੰਨ੍ਹ ਸਮੁੱਚੇ ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ ਹਨ। ਇਹਨਾਂ ਪਛਾਣ ਚਿੰਨ੍ਹਾਂ ਨੂੰ ਵਖਰਿਆਇਆ ਨਹੀਂ ਜਾ ਸਕਦਾ। ਪੰਜਾਬੀ ਸਭਿਆਚਾਰ ਪੰਜਾਬ ਵਿੱਚ ਵੱਸਣ ਵਾਲੀਆਂ ਸਾਰੀਆਂ ਜਾਤੀਆਂ ਅਤੇ ਉਪਜਾਤੀਆਂ ਦਾ ਸਾਂਝਾ ਸਭਿਆਚਾਰ ਹੈ। ਇਹ ਹੋ ਸਕਦਾ ਹੈ ਕਿ ਕਿਸੇ ਜਾਤੀ ਦਾ ਸਭਿਆਚਾਰ ਨੂੰ ਉਸਾਰਨ ਵਿੱਚ ਵੱਡਾ ਯੋਗਦਾਨ ਹੋਵੇ। ਜਿਹੜੀ ਜਾਤੀ ਆਰਥਿਕ ਪੱਖੋਂ ਮਜ਼ਬੂਤ ਹੋਵੇ ਉਸ ਜਾਤੀ ਦੇ ਰਹਿਣ-ਸਹਿਣ ਦਾ ਬਾਕੀ ਜਾਤੀਆਂ ਉੱਤੇ ਪ੍ਰਭਾਵ ਪੈਣਾ ਸੁਭਾਵਿਕ ਹੁੰਦਾ ਹੈ। ਜੱਟ ਜਾਤੀ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ। ਇਸ ਜਾਤੀ ਦਾ ਪ੍ਰਭਾਵ ਪੰਜਾਬੀ ਸਭਿਆਚਾਰ ਉੱਤੇ ਬਾਕੀ ਜਾਤੀਆਂ ਤੋਂ ਵਧੇਰੇ ਪਿਆ ਹੈ। ਜੱਟ ਜਾਤੀ ਦੀ ਉੱਪਜਾਤੀ ਵਿਰਕ ਆਪਣੇ ਮਿਹਨਤੀ ਅਤੇ ਖਾੜਕੂ ਸੁਭਾਅ ਕਾਰਨ ਪੰਜਾਬੀ ਸਭਿਆਚਾਰ ਵਿੱਚ ਵਿਸ਼ੇਸ਼ ਪ੍ਰਭਾਵ ਰੱਖਦੀ ਹੈ। ਇਹੀ ਕਾਰਨ ਹੈ ਕਿ ਇਸ ਉੱਪਜਾਤੀ ਦਾ ਸਭਿਆਚਾਰ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਸੋਮਾ ਹੈ ਅਤੇ ਸਾਂਦਲਬਾਰ ਦਾ ਵੱਡਾ ਇਲਾਕਾ ਵਿਰਕ ਉਪਜਾਤੀ ਦੇ ਪ੍ਰਭਾਵ ਕਾਰਨ ਵਿਰਕ ਟੱਪੇ ਦੇ ਰੂਪ ਵਿਚ ਸਥਾਪਤ ਹੋ ਗਿਆ ਹੈ। ਇਸ ਕਰਕੇ ਵਿਰਕ ਟੱਪੇ ਦੀ ਕਦਰ ਪ੍ਰਣਾਲੀ ਨੂੰ ਜੱਟ ਜਾਤੀ ਨਾਲੋਂ ਵੱਖ ਕਰਕੇ ਵੇਖਿਆ ਜਾ ਸਕਦਾ ਹੈ।

ਹਵਾਲੇ ਤੇਂ ਟਿੱਪਣੀਆਂ

1. ਸੱਭਿਆਚਾਰ ਸਿਧਾਂਤ ਅਤੇ ਵਿਹਾਰ, ਪ੍ਰੋ. ਜੀਤ ਸਿੰਘ ਜੋਸ਼ੀ, ਵਾਰਸਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2014, ਪੰਨਾ-681
2. ਅੰਗਰੇਜ਼ੀ-ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011, ਪੰਨਾ-1314)
3. ਅੰਗਰੇਜ਼ੀ ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011, ਪੰਨਾ-817
4. ਸਭਿਆ ਅਤੇ ਪੰਜਾਬੀ ਸੱਭਿਆਚਾਰ, ਸਿੰਘ ਫ਼ਰੈਂਕ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2015, ਪੰਨਾ-129
5. Due to the geographical location of the Punjab the people of this region had to bear the brunt of the foreign onslaughts through the past centuries. From the very beginning the Punjabis were brought up under the shadows of the swords, which made them active and dynamic, virile and warlike. The Punjabis have always acted as the gate-keepers of India, the sentinels of national freedom and the protectors of the motherland. Even to-day they are considered to be among the best soldiers and warriors of India. DENGA
6. The Jats spread over the entire region from the Indus to the Yamuna constitute about 40 percent of the 2900 of the Punjab. According to James Tod, the Jats were originally descendants of one of the 36 royal population of the clans of the Rajputs: some writers, however, connect their origin with a tribe named' Jartika' mentioned in the BROOK haypa Mahabharata. There is little doubt that the Jats had emerged as an important sub-recial group of the Punjab before the medieval period dawned. Originally followers of Brahmanical Hinduism, the Jats inhabiting the western part of the plains largely embraced Islam afterwards, and those inhabiting the Central Punjab became the followers of Sikhism, so that the Hindu Jats remained confined to the south-eastern plains. To whatever religion they belong. the Jats have certain common traits of character. They are, by and large, agriculturists. They are bold, fearless, hard-working and honest, but lack patience and are easily excitable. They consider themselves superior to other castes. Many of them have joined the army and proved themselves excellent soldiers and fighters. "History and Culture of the Punjab, A.C. Arora, Edited by L.M. Joshi, Publication Bureau, Punjabi University. Patiala. 1989, page 12.
7. ਵਿਰਕ ਤੇ ਵਿਰਕਾਂ ਦਾ ਇਤਿਹਾਸ, ਕਾਬਲ ਸਿੰਘ ਵਿਰਕ, ਵਿਰਕ ਪਬਲੀਕੇਸ਼ਨਜ਼, ਕਰਨਾਲ, ਪੰਨਾ 54, 2005
8. ਵਿਰਕ ਅਤੇ ਵਿਰਕਾਂ ਦਾ ਇਤਿਹਾਸ, ਕਾਬਲ ਵਿਰਕ, ਵਿਰਕ ਪਬਲੀਕੇਸ਼ਨਜ਼, ਕਰਨਾਲ, 2005, ਪੰਨਾ-5
9. ਸਾਂਦਲਬਾਰ ਦਾ ਇਤਿਹਾਸ, ਵਿਰਕ ਅਤੇ ਹੋਰ, ਪ੍ਰਕਾਸ਼ਕ: ਭਗਵੰਤ ਸਿੰਘ 'ਆਜ਼ਾਦ', ਲੇਖਕ ਤੇ ਸੰਪਾਦਕ, ਗਿ ਗੁਰਇਕਬਾਲ ਸਿੰਘ ਕੈਪਟਨ ਭਗਵੰਤ ਸਿੰਘ ਆਜ਼ਾਦ, 1994, ਪੰਨਾ 120

10. ਸਾਂਦਲਬਾਰ ਦਾ ਇਤਿਹਾਸ, ਵਿਰਕ ਅਤੇ ਹੋਰ, ਲੇਖਕ: ਭਾਈ ਜੀਵਨ ਸਿੰਘ ਜੈਚੌਕ, ਲੇਖਕ ਤੇ ਸੰਪਾਦਕ: ਗਿ: ਗੁਰਇਕਬਾਲ ਸਿੰਘ ਕੈਪਟਲ ਭਗਵੰਤ ਸਿੰਘ ਆਜ਼ਾਦ, ਪ੍ਰਕਾਸ਼ਕ: ਭਗਵੰਤ ਸਿੰਘ ਆਜ਼ਾਦ, ਕੁਰੂਕਸ਼ੇਤਰ, 1994, ਪੰਨਾ 21
11. ਸਿੱਖ ਇਤਿਹਾਸ, ਭਾਗ -1, ਖੁਸ਼ਵੰਤ ਸਿੰਘ, ਅਨੁਵਾਦਕ: ਡਾ. ਗੁਰਚਰਨ ਸਿੰਘ ਔਲਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ
12. ਵਿਰਕ ਅਤੇ ਵਿਰਨਾਂ ਦਾ ਇਤਿਹਾਸ, ਕਾਬਲ ਸਿੰਘ ਵਿਰਕ, ਵਿਰਕ ਪਬਲੀਕੇਸ਼ਨਜ਼, ਕਰਨਾਲ, ਪੰਨਾ ਸਪੰਨਾ 65